**ਜ਼ਿਲਾ ਮੈਜਿਸਟਰੇਟ, ਕਪੂਰਥਲਾ।**

Tele. No. 01822-233777-O, 233776-R, 233393-F

Email ID dckapurthala@gmail.com


**ਹੁਕਮ**

(COVID-19) ਕਰੋਨਾ ਵਾਇਰਸ ਦੇ ਫੈਲਣ ਤੋਂ ਬਚਾਅ ਸਬੰਧੀ ਇਸ ਦਫ਼ਤਰ ਦੇ ਹੁਕਮ ਪਿੱਠ ਅੰਕਣ ਨੰ: 1251-1287/ਐਮ.ਏ ਮਿਤੀ 23-3-2020 ਰਾਹੀਂ ਲਗਾਏ ਗਏ ਕਰਫਿਊ ਲਗਾਇਆ ਗਿਆ ਹੈ।

ਭਾਰਤ ਸਰਕਾਰ, ਗ੍ਰਹਿ ਮੰਤਰਾਲੇ ਵਿਭਾਗ ਦੇ corrigendum ਪੱਤਰ ਮਿਤੀ 24.04.2020 ਅਤੇ ਪੰਜਾਬ ਸਰਕਾਰ, ਗ੍ਰਹਿ ਮਾਮਲੇ ਅਤੇ ਨਿਆ ਵਿਭਾਗ ਦੇ ਪੱਤਰ ਨੰਬਰ SS/ACSH/2020/337 dated 29.04.2020 ਰਾਂਹੀਂ ਜਾਰੀ ਹਦਾਇਤਾਂ ਦੀ ਪਾਲਣਾ ਵਿੱਚ ਸਬੰਧ ਵਿੱਚ ਜ਼ਿਲਾ ਕਪੂਰਥਲਾ ਵਿੱਚ ਕਰਫਿਊ ਦੌਰਾਨ ਹੇਠ ਅਨੁਸਾਰ ਦੁਕਾਨਾਂ 50% ਸਟਾਫ ਨਾਲ ਖੋਲਣ ਲਈ ਕਰਫਿਊ ਵਿੱਚ ਢਿੱਲ ਦਿੱਤੀ ਜਾਂਦੀ ਹੈ:

| ਲੜੀ ਨੰ: | ਕੈਟਾਗਰੀ ਅਤੇ ਦੁਕਾਨਾਂ/ਕਿੱਤੇ ਦੀ ਕਿਸਮ | ਦਿਨ ਅਤੇ ਸਮਾਂ |
|---|---|---|
| 1 | **ਕੈਟਾਗਰੀ ਨੰਬਰ-1**<br>ਕਰਿਆਣਾ, ਜਨਰਲ ਪ੍ਰਵੀਜ਼ਨ ਸਟੋਰ, ਕੈਮਿਸਟ ਸਟੋਰ, ਬੇਕਰੀ, ਡ੍ਰਾਈ ਫਰੂਟ, ਪੰਸਾਰੀ ਦੀਆਂ ਦੁਕਾਨਾਂ, ਡੇਅਰੀ, ਮੀਟ, ਪੋਲਟਰੀ, ਬੀਜ, ਖਾਦ ਅਤੇ ਕੀਟਨਾਸ਼ਕ ਦਵਾਈਆ ਦੀ ਦੁਕਾਨ, ਟਾਲ (ਹਰਾ ਚਾਰਾ), ਕੈਟਲ ਫੀਡ, ਪੋਲਟਰੀ ਫੀਡ ਸਟੇਸ਼ਨਰੀ, ਕਿਤਾਬਾਂ, ਸੀਮੈਂਟ, ਰੇਤਾ, ਬਜ਼ਰੀ, ਇੱਟਾਂ, ਅਤੇ ਹਰ ਤਰ੍ਹਾਂ ਦੇ ਮਕੇਨਿਕ ਅਤੇ ਰਿਪੇਅਰ ਦੀਆਂ ਦੁਕਾਨਾਂ (ਮੋਬਾਈਲ ਰਿਪੇਅਰ ਛੱਡ ਕੇ) | ਰੋਜ਼ਾਨਾ ਸਵੇਰੇ 07:00 ਵਜੇ ਤੋਂ ਸਵੇਰੇ 11:00 ਵਜੇ ਤੱਕ |
| 2. | **ਕੈਟਾਗਰੀ ਨੰਬਰ-2**<br>ਹਾਰਡ ਵੇਅਰ, ਪਲਾਈਵੁਡ, ਪੇਂਟ, ਸੈਨਟਰੀ ਆਈਟਮਜ਼, ਮਾਰਬਲ, ਟਾਈਲਜ਼, ਗਲਾਸ ਸਟੋਰ, ਪਾਈਪ ਫਿਟਿੰਗ, ਪੀ.ਵੀ.ਸੀ. ਪੈਨਲ, ਇਲੈਕਟਰਾਨਿਕ ਐਂਡ ਇਲੈਕਟਰੀਕਲ ਗੁਡਜ਼, ਸਪੇਅਰ ਪਾਰਟਸ, ਸਾਈਕਲ ਸਟੋਰ, ਆਟੋਮੋਬਾਈਲ ਡੀਲਰ (2ਵੀਲਰ, ਅਤੇ 2/3/4 ਵੀਲਰ LCV and HCV) | ਸੋਮਵਾਰ, ਬੁੱਧਵਾਰ, ਸ਼ੁੱਕਰਵਾਰ (ਹਫਤੇ ਵਿੱਚ ਤਿੰਨ ਦਿਨ) ਸਵੇਰੇ 07:00 ਵਜੇ ਤੋਂ ਸਵੇਰੇ 11:00 ਵਜੇ ਤੱਕ । |
| 3. | **ਕੈਟਾਗਰੀ-ਨੰਬਰ-3**<br>ਕਪੜਾ, ਰੈਡੀਮੇਡ ਗਾਰਮੈਂਟਸ, ਬੂਟ/ ਸੈਂਡਲ/ ਚੱਪਲਾਂ ਦੀਆ ਦੁਕਾਨਾਂ, ਐਨਕਾਂ ਦੀਆ ਦੁਕਾਨਾ, ਲਲਾਰੀਆ ((Dyers) ਡਰਾਈ ਕਲੀਨ, ਮਨਿਆਰੀ, ਕਾਸਮੈਟਿਕ, ਜਵੈਲਰਜ਼, ਸਪੋਰਟਸ ਗੁਡਜ਼, ਖਿਡੋਣਿਆ, ਭਾਂਡਿਆਂ/ ਕਰਾਕਰੀ ਦੀਆ ਦੁਕਾਨਾ ਅਟੈਚੀ, ਬੈਗ, ਪਰਸਾਂ ਦੀਆਂ ਦੁਕਾਨਾਂ। | ਮੰਗਲਵਾਰ, ਵੀਰਵਾਰ ਅਤੇ ਸ਼ਨੀਵਾਰ (ਹਫਤੇ ਵਿੱਚ ਤਿੰਨ ਦਿਨ) ਸਵੇਰੇ 7.00 ਵਜੇ ਤੋ 11.00 ਵਜੇ ਤੱਕ । |

1. ਉਪਰੋਕਤ ਹੁਕਮ ਪੇਂਡੂ ਖੇਤਰਾਂ ਵਿੱਚ ਸਥਿਤ ਦੁਕਾਨਾਂ(ਸ਼ਾਪਿੰਗ ਮਾਲ ਵਿੱਚ ਦੁਕਾਨਾਂ ਨੂੰ ਛੱਡ ਕੇ ) ਅਤੇ ਸ਼ਹਿਰੀ ਖੇਤਰਾਂ ਵਿੱਚ Standalone Shops, ਗਲੀ ਮੁਹਲੀਆਂ ਵਿੱਚ ਸਥਿਤ ਦੁਕਾਨਾਂ ਭਾਵ Neighbourhood Shops ਅਤੇ Shops in residential complexes (ਸ਼ਾਪਿੰਗ ਮਾਲ/ ਮਾਰਕਿਟ ਕੰਪਲੈਕਸ ਵਿੱਚ ਸਥਿਤ ਦੁਕਾਨਾ ਨੂੰ ਛੱਡ ਕੇ) ਉੱਪਰ ਲਾਗੂ ਹੋਵੇਗਾ।

ਪੇਂਡੂ ਖੇਤਰਾਂ ਵਿੱਚ ਹਰ ਤਰ੍ਹਾਂ ਦੀ ਉਸਾਰੀ (ਸਮੇਤ ਚਲੱਦੀ ਅਤੇ ਨਵੀਂ ਉਸਾਰੀ ) ਕੀਤੀ ਜਾ ਸਕਦੀ ਹੈ। ਸ਼ਹਿਰੀ ਖੇਤਰਾਂ ਵਿੱਚ ਕੇਵਲ ਚਲੱਦੇ ਕੰਮ (Ongoing, Residential/ Commercial Projects) ਦੀ ਉਸਾਰੀ ਕੀਤੀ ਜਾ ਸਕਦੀ ਹੈ ਭਾਵ ਸ਼ਹਿਰੀ ਖੇਤਰ ਵਿੱਚ ਨਵੀਂ ਉਸਾਰੀ ਨਹੀਂ ਕੀਤੀ ਜਾ ਸਕਦੀ ਹੈ। ਇਥੇ ਇਹ ਵੀ ਵਰਨਣ ਯੋਗ ਹੈ ਕਿ ਕੰਮ ਵਿੱਚ ਲੱਗੇ ਵਰਕਰਾਂ ਵੱਲੋਂ COVID-19 ਦੀ ਰੋਕਥਾਮ ਕਰਨ ਲਈ ਭਾਰਤ ਸਰਕਾਰ/ਪੰਜਾਬ ਸਰਕਾਰ/ਜ਼ਿਲਾ ਪ੍ਰਸ਼ਾਸ਼ਨ ਵੱਲੋ ਜਾਰੀ ਹਦਾਇਤਾਂ ਦੀ ਪਾਲਣਾ ਕੀਤੇ ਜਾਣ ਦੀ ਨਿਰੋਲ ਜਿੰਮੇਵਾਰੀ Executing Agency/ ਠੇਕੇਦਾਰ ਦੀ ਹੋਵੇਗੀ।

ਆਮ ਲੋਕਾਂ ਨੂੰ ਅਤੇ ਕਾਰਨਟਾਈਨ ਇਲਾਕਿਆ ਦੇ ਲੋਕਾਂ ਨੂੰ ਹੇਠ ਲਿਖੀਆ ਹਦਾਇਤਾਂ ਵੀ ਜਾਰੀ ਕੀਤੀਆ ਜਾਂਦੀ ਹੈ:

1. ਕੋਵਿਡ-19 ਦੇ ਮੱਦੇ ਨਜ਼ਰ ਬੇਕਰੀ, ਮਠਿਆਈ ਦੀਆ ਦੁਕਾਨਾ ਤੇ ਬੈਠ ਕੇ ਖਾਣ ਦੀ ਮਨਾਹੀ ਹੋਵੇਗੀ, ਦੁਕਾਨਦਾਰ ਵੱਲੋ ਕੇਵਲ ਪੈਕ ਫੂਡ ਹੀ ਦਿੱਤਾ ਜਾਵੇਗਾ। ਦੁਕਾਨਦਾਰ ਵੱਲੋ ਹੋਮ ਡਲਿਵਰੀ ਨੂੰ ਪਹਿਲ ਦਿੱਤੀ ਜਾਵੇਗੀ।
2. ਦੁਕਾਨਦਾਰ ਵੱਲੋ ਘੱਟ ਤੋ ਘੱਟ ਦੁਕਾਨ ਦੇ ਅੰਦਰ ਅਤੇ ਬਾਹਰ ਇਕ ਮੀਟਰ ਦੀ ਦੂਰੀ ਸੁਨਿਸਚਤ ਕਰੇਗਾ।
3. COVID-19 ਦੇ ਫੈਲਣ ਤੋਂ ਰੋਕਣ ਲਈ ਪੰਜਾਬ ਅੰਦਰ ਹਰੇਕ ਵਿਅਕਤੀ ਦੇ ਮੂਹ ਤੇ ਮਾਸਕ (ਸੂਤੀ ਕੱਪੜੇ ਦਾ ਮਾਸਕ ਜਾਂ ਟ੍ਰਿਪਲ ਲੇਅਰ ਮਾਸਕ ਜਾਂ ਰੁਮਾਲ, ਦੁਪੱਟਾ, ਪਰਨਾ ਆਦਿ) ਪਹਿਨਣਾ ਲਾਜ਼ਮੀ ਕੀਤਾ ਗਿਆ ਹੈ। ਇਸ ਲਈ ਹਰੇਕ ਦੁਕਾਨਦਾਰ/ ਅਦਾਰਾ ਇਹ ਸੁਨਿਸਿਚਤ ਕਰੇਗਾ ਕਿ ਉਸ ਨੇ ਆਪ, ਦੁਕਾਨ ਦੇ ਅੰਦਰ ਕੰਮ

Scanned by CamScanner

ਕਰਨ ਵਾਲੇ ਅਤੇ ਆਉਣ ਵਾਲੇ ਹਰੇਕ ਵਿਅਕਤੀ ਨੇ ਮਾਸਕ ਜਰੂਰ ਲਗਾਇਆ ਹੋਵੇ ਅਤੇ ਜਿਸ ਵਿਅਕਤੀ ਨੇ ਮਾਸਕ ਨਾ ਪਾਇਆ ਹੋਵੇ ਉਸ ਨੂੰ ਸੌਦਾ ਨਹੀਂ ਦਿੱਤਾ ਜਾਵੇਗਾ।

4. ਦੁਕਾਨਦਾਰਾਂ ਵੱਲੋ ਆਪਣੀ ਦੁਕਾਨ ਨੂੰ ਸਮੇਂ ਸਮੇਂ ਤੇ ਸਰਕਾਰ ਅਤੇ ਜ਼ਿਲਾ ਪ੍ਰਸ਼ਾਸ਼ਨ ਦੀਆ ਹਦਾਇਤਾਂ ਅਨੁਸਾਰ ਸੈਨੀਟਾਈਜ਼ ਕੀਤਾ ਜਾਵੇਗਾ।
5. ਦੁਕਾਨ ਦੇ ਅੰਦਰ ਡਿਸਪਲੇਅ ਕੀਤੀਆ ਗਈਆ ਚੀਜ਼ਾ ਨੂੰ ਖਰੀਦਦਾਰ ਵੱਲੋ ਛੂਹਿਆ ਨਹੀਂ ਜਾਵੇਗਾ।
6. ਦੁਕਾਨਾਦਾਰ ਇਹ ਯਕੀਨੀ ਬਣਾਏਗਾ ਕਿ ਡਿਸਪਲੇਅ ਕੀਤੀਆ ਆਈਟਮਾਂ ਖਰੀਦਦਾਰ ਨੂੰ ਕਾਊਂਟਰ ਤੇ ਹੀ ਦੇਵੇਗਾ।
7. ਦੁਕਾਨਦਾਰ ਖਰੀਦਦਾਰ ਪਾਸੋ ਖਰੀਦ ਕੀਤੀਆ ਗਈਆ ਚੀਜ਼ਾ/ ਆਈਟਮਾਂ ਦੀ ਅਦਾਇਗੀ ਡਿਜੀਟਲੀ ਕਰਨ ਲਈ ਤਰਜੀਹ ਦੇਵੇਗਾ।
8. ਦੁਕਾਨਦਾਰ ਅਤੇ ਕੰਮ ਕਰਨ ਵਾਲੇ ਵਿਅਕਤੀ ਗ੍ਰਾਹਕ ਤੋ ਪੈਸੇ ਲੈਣ ਉਪਰੰਤ ਆਪਣੇ ਹੱਥ ਵੀ ਸੈਨੀਟਾਈਜ਼ ਕਰੇਗਾ।
9. ਦੁਕਾਨਦਾਰ ਸੁਨਿਸਚਤ ਕਰਨਗੇ ਕਿ ਗ੍ਰਾਹਕਾਂ ਵੱਲੋ ਕਪੜੇ ਦੇ ਬੈਗ ਵਿੱਚ ਖਰੀਦਿਆ ਹੋਇਆ ਸਮਾਨ ਲਿਜਾਇਆ ਜਾਵੇਗਾ ਤਾਂ ਜੋ ਬੈਗ ਘਰ ਵਿੱਚ ਧੋਇਆ ਜਾਵੇ।
10. ਭਾਰਤ ਸਰਕਾਰ/ ਪੰਜਾਬ ਸਰਕਾਰ/ ਜਿਲ੍ਹਾ ਪ੍ਰਸ਼ਾਸਨ ਅਤੇ ਵੱਖ-ਵੱਖ ਸਿਹਤ ਅਥਾਰਟੀਆਂ ਵੱਲੋਂ ਕੋਵਿਡ-19 ਸਬੰਧੀ ਜਾਰੀ ਹਦਾਇਤਾਂ/ ਹੁਕਮਾਂ ਅਨੁਸਾਰ ਹੋਣੀ ਚਾਹੀਦੀ ਹੈ ਅਤੇ ਸਾਫ-ਸਫਾਈ ਤੇ ਸਮਾਜਿਕ ਦੂਰੀ (Social Distancing) ਦੀ ਪਾਲਣਾ ਕਰਨੀ ਯਕੀਨੀ ਬਣਾਉਣਗੇ, ਥਾਂ-ਥਾਂ ਤੇ ਥੁੱਕਣ ਦੀ ਮਨਾਹੀ ਹੋਵੇਗੀ।
11. ਸਕੂਟਰ / ਦੋ ਪਹੀਆ ਵਾਹਨ ਉਪਰ ਕੇਵਲ ਇਕ ਹੀ ਵਿਅਕਤੀ ਨੂੰ ਬੈਠਣ ਦੀ ਇਜ਼ਾਜਤ ਹੋਵੇਗੀ ਅਤੇ 5 ਸੀਟਰ ਕਾਰ ਵਿੱਚ ਕੇਵਲ ਦੋ ਵਿਅਕਤੀ (ਡਰਾਈਵਰ ਸਮੇਤ ਅਤੇ ਦੂਸਰਾ ਵਿਅਕਤੀ ਪਿਛਲੀ ਸੀਟ ਤੇ) ਅਤੇ 6/7 ਸੀਟਰ ਗੱਡੀ ਵਿੱਚ ਕੇਵਲ ਤਿੰਨ ਵਿਅਕਤੀਆ (ਡਰਾਈਵਰ ਸਮੇਤ, ਇਕ ਵਿਅਕਤੀ ਵਿਚਲੀ ਸੀਟ ਤੇ ਅਤੇ ਤੀਸਰੇ ਵਿਅਕਤੀ ਨੂੰ ਪਿਛਲੀ ਸੀਟ ਤੇ ਬੈਠਣ ਦੀ ਇਜ਼ਾਜਤ ਹੋਵੇਗੀ

ਇਹ ਹੁਕਮ ਅੱਜ ਮਿਤੀ 01-05-2020 ਨੂੰ ਮੇਰੇ ਹਸਤਾਖਰਾਂ ਤੇ ਮੋਹਰ ਅਦਾਲਤ ਨਾਲ ਜ਼ਾਰੀ ਕੀਤਾ ਗਿਆ।

-ਸਹੀ-
**ਜਿਲ੍ਹਾ ਮੈਜਿਸਟਰੇਟ,**
**ਕਪੂਰਥਲਾ।**

**ਪਿੱਠ ਅੰਕਣ ਨੰ: 2366 /ਐਮ.ਏ. ਮਿਤੀ: 01-05-2020**

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ :-

1. ਮੁੱਖ ਸਕੱਤਰ ਪੰਜਾਬ ਸਰਕਾਰ, ਚੰਡੀਗੜ੍ਹ
2. ਗ੍ਰਹਿ ਸਕੱਤਰ ਪੰਜਾਬ ਸਰਕਾਰ, ਚੰਡੀਗੜ੍ਹ।
3. ਕਮਿਸ਼ਨਰ, ਜਲੰਧਰ ਮੰਡਲ, ਜਲੰਧਰ
4. ਸਮੂਹ ਡਿਪਟੀ ਕਮਿਸ਼ਨਰ ਪੰਜਾਬ ਰਾਜ
5. ਸੀਨੀਅਰ ਪੁਲਿਸ ਕਪਤਾਨ, ਕਪੂਰਥਲਾ।
6. ਵਧੀਕ ਡਿਪਟੀ ਕਮਿਸ਼ਨਰ, ਫਗਵਾੜਾ/ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਕਪੂਰਥਲਾ।
7. ਸਮੂਹ ਉਪ ਮੰਡਲ ਮੈਜਿਸਟਰੇਟਸ, ਤਹਿਸੀਲਦਾਰ, ਕਾਰਜ ਸਾਧਕ ਅਫਸਰ ਜਿਲ੍ਹਾ ਕਪੂਰਥਲਾ
8. ਸਿਵਲ ਸਰਜਨ, ਕਪੂਰਥਲਾ/ ਡੀ.ਪੀ.ਆਰ.ਓ., ਕਪੂਰਥਲਾ।
9. ਜਿਲਾ ਖੁਰਾਕ ਤੇ ਸਪਲਾਈ ਕੰਟਰੋਲਰ, ਕਪੂਰਥਲਾ/ ਡੀ.ਡੀ.ਪੀ.ਓ., ਕਪੂਰਥਲਾ
10. ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ, ਕਪੂਰਥਲਾ/ ਡਿਪਟੀ ਡਾਇਰੈਕਟਰ, ਡੇਅਰੀ ਵਿਕਾਸ, ਕਪੂਰਥਲਾ
11. ਮੁੱਖ ਖੇਤੀਬਾੜੀ ਅਫ਼ਸਰ, ਕਪੂਰਥਲਾ/ ਡਿਪਟੀ ਡਾਇਰੈਕਟਰ, ਬਾਗਬਾਨੀ, ਕਪੂਰਥਲਾ।
12. ਸੁਪਰਡੰਟ ਗ੍ਰੇਡ-1/ਪੀ.ਏ. ਟੂ ਡੀ.ਐਮ/ਸਟੈਨੋ ਟੂ ਏ.ਡੀ.ਐਮ/ਸਟੈਨੋ ਟੂ ਏ.ਸੀ.(ਜ)/ ਡੀ.ਆਰ.ਓ

**ਜਿਲ੍ਹਾ ਮੈਜਿਸਟਰੇਟ,**
**ਕਪੂਰਥਲਾ ।**

Scanned by CamScanner